**ਪੰਜਾਬ ਸਕੂਲ ਸਿੱਖਿਆ ਬੋਰਡ**
ਸਾਹਿਬਜ਼ਾਦਾ ਅਜੀਤ ਸਿੰਘ ਨਗਰ -160062

ਨੰ:ਪਸਸਬ-ਕਸ-2023/
ਮਿਤੀ: 06-04-2023

ਵੱਲ

ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਫਰਵਰੀ/ਮਾਰਚ-2023

**ਵਿਸ਼ਾ** **ਦਸਵੀਂ/ ਬਾਰ੍ਹਵੀਂ ਸ਼੍ਰੇਣੀ ਪਰੀਖਿਆ ਫਰਵਰੀ/ਮਾਰਚ 2023 ਦੀਆਂ ਸਲਾਨਾ ਪਰੀਖਿਆਵਾਂ (ਸਮੇਤ ਓਪਨ ਸਕੂਲ) ਦੇ ਸੰਚਾਲਨ ਸਬੰਧੀ।**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਫਰਵਰੀ/ਮਾਰਚ ਦੀਆਂ ਪਰੀਖਿਆਵਾਂ ਮਿਤੀ 20-02-2023 ਤੋਂ ਹੋ ਰਹੀਆਂ ਹਨ। ਪਰੀਖਿਆਵਾਂ ਦੇ ਸੰਚਾਲਨ ਸਬੰਧੀ ਹਦਾਇਤਾਂ ਸਕੂਲ Login ID ਅਤੇ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤੀਆਂ ਜਾ ਚੁੱਕੀਆਂ ਹਨ।

ਉੱਚ ਅਧਿਕਾਰੀਆਂ ਵੱਲੋਂ ਇਹ ਪਾਇਆ ਗਿਆ ਹੈ ਕਿ ਪਹਿਲਾਂ ਜਾਰੀ ਪੱਤਰ ਨੰ:ਪਸਸਬ-ਕਸ-2023/978 ਮਿਤੀ 31-01-2023 ਅਨੁਸਾਰ ਅਪਲੋਡ ਕੀਤੀਆਂ ਗਈਆਂ ਹਦਾਇਤਾਂ ਦੇ ਲੜੀ ਨੰ 17 ਦੀ ਪੂਰਨ ਤੌਰ ਤੇ ਪਾਲਣਾ ਨਹੀਂ ਕੀਤੀ ਜਾ ਰਹੀ। ਇਸ ਲਈ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ :-

1. ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਪਰੀਖਿਆ ਦੌਰਾਨ ਕੇਂਦਰ ਕੰਟਰੋਲਰ ਦੀ ਡਿਊਟੀ ਲੈਕਚਰਾਰ/ ਅਧਿਆਪਕ ਨੂੰ ਸੌਂਪਦੇ ਹਨ, ਜਦੋਂਕਿ ਇਸ ਸਬੰਧੀ ਦਫਤਰ ਵੱਲੋਂ ਕੋਈ ਹਦਾਇਤ ਜਾਰੀ ਨਹੀਂ ਕੀਤੀ ਗਈ। ਇਸ ਲਈ ਪ੍ਰਿੰਸੀਪਲ/ਸਕੂਲ ਮੁਖੀ ਹੀ ਪਰੀਖਿਆ ਦੌਰਾਨ ਕੇਂਦਰ ਕੰਟਰੋਲਰ ਦੀ ਡਿਊਟੀ ਨਿਭਾਉਣਗੇ। ਨਾ ਟਾਲਣ ਯੋਗ ਹਾਲਾਤਾਂ ਵਿੱਚ ਜੇਕਰ ਕੋਈ ਡਿਊਟੀ ਸੌਂਪੀ ਜਾਣੀ ਹੈ ਤਾਂ ਇਸ ਦੀ ਪ੍ਰਵਾਨਗੀ ਜਿਲ੍ਹਾ ਸਿੱਖਿਆ ਅਫਸਰ ਤੋਂ ਲੈਣ ਉਪਰੰਤ ਇਸ ਦੀ ਜਾਣਕਾਰੀ deoportal2019@gmail.com ਤੇ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਦੇਣੀ ਲਾਜਮੀ ਹੋਵੇਗੀ।
2. ਦਫਤਰ ਦੀਆਂ ਹਦਾਇਤਾਂ ਅਨੁਸਾਰ ਬੈਂਕਾਂ ਵਿਚੋਂ ਪ੍ਰਸ਼ਨ ਪੱਤਰ ਲੈਣ ਦੀ ਜਿੰਮੇਵਾਰੀ ਆਪ ਦੀ ਹੁੰਦੀ ਹੈ ਕਿਸੇ ਨੂੰ ਇਹ ਜਿੰਮੇਵਾਰੀ ਨਾ ਦਿੱਤੀ ਜਾਵੇ ਕਿਉਂਕਿ ਇਹ ਇੱਕ ਬਹੁਤ ਹੀ ਅਹਿਮ ਅਤੇ ਸੰਵੇਦਨਸ਼ੀਲ ਕਾਰਜ ਹੈ।
3. ਇਸ ਦੇ ਨਾਲ ਬੈਕਾਂ ਤੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਸਮੇਂ ਨਿਰਧਾਰਿਤ ਪ੍ਰਫਾਰਮੇ ਤੇ ਆਪਣੇ ਅਤੇ ਕੇਂਦਰ ਸੁਪਰਡੰਟ ਦੇ ਹਸਤਾਖਰ ਕਰਵਾਉਣ ਉਪਰੰਤ ਜਿਲ੍ਹੇ ਦੇ ਡੀਲਿੰਗ ਸਹਾਇਕ ਵੱਲੋਂ ਬਣਾਏ ਗਏ whatsapp ਗਰੁੱਪ ਵਿੱਚ ਸਵੇਰ ਦੀ ਪਰੀਖਿਆ ਲਈ 9.50 ਵਜੇ ਤੱਕ ਅਤੇ ਸ਼ਾਮ ਦੀ ਪਰੀਖਿਆ ਲਈ 1.50 ਵਜੇ ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।
4. ਪਰੀਖਿਆ ਕਮਰੇ/ਹਾਲ (hall) ਵਿੱਚ ਪਰੀਖਿਆਰਥੀ ਨੂੰ ਗੈਰ ਕਨੂੰਨੀ ਪ੍ਰਭਾਵਿਤ ਕਰਦੀ ਬਾਹਰਲੀ ਦਖ਼ਲ - ਅੰਦਾਜ਼ੀ, ਇਤਰਾਜ਼ ਯੋਗ ਸਮਗਰੀ ਪਾਏ ਜਾਣ ਦੀ ਸੂਰਤ ਵਿੱਚ ਕੇਂਦਰ ਕੰਟਰੋਲਰ ਦੀ ਵੀ ਬਰਾਬਰ ਭਾਗੀਦਾਰੀ ਅਤੇ ਜ਼ਿੰਮੇਵਾਰੀ ਹੋਵੇਗੀ।

06/04/23
ਉਪ ਸਕੱਤਰ (ਕ.ਸ)

Scanned with CamScanner